ਪੰਜਾਬੀ-ਪ੍ਰਸ਼ਨ

ਜਮਾਤ-ਦਸਵੀਂ

1. ਪੰਜਾਬੀ ਦੀਆਂ ਸ੍ਵਰ ਧੁਨੀਆਂ ਦੀ ਗਿਣਤੀ ਕਿੰਨੀ ਹੈ?

ੳ. ਪੰਜ ਅ. ਦਸ ੲ. ਤਿੰਨ ਸ. ਸੱਤ

2. ਪੰਜਾਬੀ ਵਰਨਮਾਲ਼ਾ ਵਿੱਚ ਵਿਅੰਜਨ ਧੁਨੀਆਂ ਦੀ ਗਿਣਤੀ ਕਿੰਨੀ ਹੈ?

ੳ. ਇਕਤਾਲੀ ਅ. ਦਸ ੲ. ਅਠੱਤੀ ਸ. ਸੱਤ

3. ਪੰਜਾਬੀ ਦੀਆਂ ਸ੍ਵਰ ਧੁਨੀਆਂ ਦੀ ਕਿਹੜੀ ਤਰਤੀਬ ਸਹੀ ਹੈ?

ੳ. ਓ ਔ ਅ ਆ ਇ ਈ ਉ ਊ ਏ ਐ ਅ. ਆ ਇ ਈ ਉ ਊ ਏ ਐ ਓ ਔ ਅ

ੲ. ਅ ਆ ਉ ਊ ਏ ਐ ਓ ਔ ਇ ਈ ਸ. ਅ ਆ ਇ ਈ ਉ ਊ ਏ ਐ ਓ ਔ

4. ਪੰਜਾਬੀ ਵਰਨਮਾਲ਼ਾ ਦੇ ਕਿਹੜੇ ਅੱਖਰਾਂ ਨਾਲ਼ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ?

ੳ. ਙ ਞ ਣ ੜ ਲ਼ ਅ. ਙ ਞ ਣ ੜ ਨ

ੲ. ਙ ਞ ਮ ੜ ਲ਼ ਸ. ਙ ਨ ਣ ੜ ਲ਼

5. ਪੰਜਾਬੀ ਵਰਨਮਾਲ਼ਾ ਦੇ ਨਾਸਕੀ ਵਿਅੰਜਨ ਕਿੰਨੇ ਹਨ?

ੳ.ਚਾਰ ਅ. ਸੱਤ ੲ. ਛੇ ਸ. ਪੰਜ

6.ਪੰਜਾਬੀ ਦੇ ਸ੍ਵਰ ਵਾਹਕ ਕਿੰਨੇ ਹਨ?

ੳ.ਚਾਰ ਅ. ਸੱਤ ੲ. ਤਿੰਨ ਸ. ਪੰਜ

7. ਹੇਠ ਲਿਖਿਆਂ ਵਿੱਚੋਂ ਕਿਹੜੇ ਲਘੂ ਸ੍ਵਰ ਹਨ?

ੳ. ਅ ਇ ਉ ਅ. ਅ ਇ ਔ ੲ. ਉ ਊ ਓ ਸ. ਅ ਆ ਐ

8. ਗੁਰਮੁਖੀ ਲਿਪੀ ਦੀਆਂ ਲਗਾਂ ਦੀ ਗਿਣਤੀ ਕਿੰਨੀ ਹੈ?

ੳ. ਚਾਰ ਅ. ਦਸ ੲ. ਸੱਤ ਸ. ਤਿੰਨ

9. ਗੁਰਮੁਖੀ ਲਿਪੀ ਦੇ ਲਗਾਖਰ ਦੀ ਗਿਣਤੀ ਕਿੰਨੀ ਹੈ?

ੳ. ਚਾਰ ਅ. ਤਿੰਨ ੲ. ਦਸ ਸ. ਪੰਜ

10. ਅਧਕ ਦੀ ਵਰਤੋਂ ਹੁੰਦੀ ਹੈ-

ੳ. ਸ਼ਬਦ ਵਿੱਚ ਜਿਸ ਧੁਨੀ 'ਤੇ ਦਬਾਅ ਜਾਂ ਬਲ ਹੋਵੇ ਉਸ ਤੋਂ ਪਿਛਲੇ ਅੱਖਰ 'ਤੇ

ਅ. ਸ਼ਬਦ ਵਿੱਚ ਜਿਸ ਧੁਨੀ 'ਤੇ ਦਬਾਅ ਜਾਂ ਬਲ ਹੋਵੇ ਉਸ ਅੱਖਰ 'ਤੇ

ੲ. ਸ਼ਬਦ ਵਿੱਚ ਜਿਸ ਧੁਨੀ 'ਤੇ ਦਬਾਅ ਜਾਂ ਬਲ ਹੋਵੇ ਉਸ ਤੋਂ ਪਹਿਲੇ ਅੱਖਰ 'ਤੇ

ਸ. ਸਾਰੇ ਉੱਤਰ ਸਹੀ ਹਨ।

11. ਪੰਜਾਬੀ ਦੇ ਹੇਠ ਲਿਖਿਆਂ ਵਿੱਚੋਂ ਕਿਹੜੇ ਦੀਰਘ ਸ੍ਵਰ ਹਨ?

ੳ. ਆ ਇ ਊ ਏ ਐ ਓ ਔ ਅ. ਆ ਈ ਊ ਏ ਐ ਓ ਔ

ੲ. ਆ ਈ ਉ ਏ ਐ ਓ ਔ ਸ. ਅ ਈ ਊ ਏ ਐ ਓ ਔ

12. ਹੇਠ ਲਿਖੀਆਂ ਕਿਹੜੀਆਂ ਲਗਾਂ ਨਾਲ਼ ਬਿੰਦੀ ਦੀ ਵਰਤੋਂ ਹੁੰਦੀ ਹੈ?

ੳ. ਕੰਨਾ ਬਿਹਾਰੀ ਔਂਕੜ ਲਾਂ ਹੋੜਾ ਕਨੌੜਾ ਅ. ਕੰਨਾ ਬਿਹਾਰੀ ਲਾਂ ਦੁਲੈਂਕੜ ਹੋੜਾ ਕਨੌੜਾ

ੲ. ਮੁਕਤਾ ਬਿਹਾਰੀ ਲਾਂ ਦੁਲਾਵਾਂ ਹੋੜਾ ਕਨੌੜਾ ਸ. ਕੰਨਾ ਬਿਹਾਰੀ ਲਾਂ ਦੁਲਾਵਾਂ ਹੋੜਾ ਕਨੌੜਾ

13. ਗੁਰਮੁਖੀ ਵਿੱਚ ਹੇਠ ਲਿਖੇ ਅੱਖਰ ਦੂਜੇ ਅੱਖਰਾਂ ਦੇ ਪੈਰਾਂ ਵਿੱਚ ਵਰਤੇ ਜਾ ਸਕਦੇ ਹਨ।

ੳ. ਹ ਰ ਮ ਅ. ਹ ਰ ਵ ੲ. ਹ ੜ ਵ ਸ. ਪ ਰ ਵ

14. ਸ੍ਵਰ ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿਪੀ ਚਿੰਨ੍ਹਾਂ ਨੂੰ ........ ਕਹਿੰਦੇ ਹਨ।

ੳ. ਲਗਾਖਰ ਅ. ਦੁੱਤ ਅੱਖਰ ੲ. ਦੀਰਘ ਸ੍ਵਰ ਸ. ਲਗਾਂ

15. ਵਿਆਕਰਨ 'ਚ ਬਿੰਦੀ, ਟਿੱਪੀ, ਅਧਕ ਨੂੰ ...........ਕਹਿੰਦੇ ਹਨ।

ੳ. ਦੁੱਤ ਅੱਖਰ ਅ. ਲਗਾਖਰ ੲ. ਲਘੂ ਸ੍ਵਰ ਸ. ਲਗਾਂ

16.ਪੰਜਾਬੀ ਵਰਨਮਾਲ਼ਾ ਦਾ ਪੁਰਾਣਾ ਨਾਂ ਕੀ ਹੈ?
ੳ. ਲਿਪੀ ਅ. ਲਗਾਂ ੲ. ਪੈਂਤੀ ਸ. ਇਹਨਾਂ ’ਚੋਂ ਕੋਈ ਨਹੀਂ
17. ਅਰਥ ਦੇ ਪੱਖ ਤੋਂ ਸ਼ਬਦ ਦੇ .......ਭੇਦ ਹਨ।

ੳ. ਅੱਠ ਅ. ਤਿੰਨ ੲ. ਦੋ ਸ. ਪੰਜ

18. ਪ੍ਰਯੋਗ ਦੇ ਅਧਾਰ ’ਤੇ ਸ਼ਬਦ ਦੇ .........ਭੇਦ ਹਨ।

ੳ. ਅੱਠ ਅ. ਤਿੰਨ ੲ. ਦੋ ਸ. ਪੰਜ

19. ਵਿਅਕਤੀ, ਵਸਤੂ ਜਾਂ ਸਥਾਨ ਦੇ ਨਾਂ ਦੀ ਥਾਂ ’ਤੇ ਵਰਤੇ ਜਾਂਦੇ ਸ਼ਬਦ ਨੂੰ .........ਕਹਿੰਦੇ ਹਨ।
ੳ. ਪੜਨਾਂਵ ਅ. ਨਾਂਵ ੲ. ਵਿਸ਼ੇਸ਼ਣ ਸ. ਕਿਰਿਆ
20. ਵਿਅਕਤੀ, ਵਸਤੂ ਜਾਂ ਸਥਾਨ ਦੇ ਨਾਂ ਲਈ ਵਰਤੇ ਜਾਂਦੇ ਸ਼ਬਦ ਨੂੰ .........ਕਹਿੰਦੇ ਹਨ।
ੳ. ਪੜਨਾਂਵ ਅ. ਨਾਂਵ ੲ. ਵਿਸ਼ੇਸ਼ਣ ਸ. ਕਿਰਿਆ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377

ਪੰਜਾਬੀ-ਪ੍ਰਸ਼ਨ
ਜਮਾਤ-ਦਸਵੀਂ

21. 'ਅਧਿਆਪਕ' ਸ਼ਬਦ ਕਿਸ ਪ੍ਰਕਾਰ ਦਾ ਨਾਂਵ ਹੈ?

ੳ. ਖ਼ਾਸ ਨਾਂਵ ਅ. ਵਸਤੂ ਵਾਚਕ ਨਾਂਵ ੲ. ਆਮ ਨਾਂਵ ਸ. ਭਾਵ-ਵਾਚਕ ਨਾਂਵ

22. ਜਿਸ ਸ਼ਬਦ ਤੋਂ ਕਿਸੇ ਭਾਵ, ਗੁਣ, ਜਾਂ ਹਾਲਤ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ ਅ. ਵਸਤੂ ਵਾਚਕ ਨਾਂਵ ੲ. ਆਮ ਨਾਂਵ ਸ. ਭਾਵ-ਵਾਚਕ ਨਾਂਵ

23. ਜਿਸ ਸ਼ਬਦ ਤੋਂ ਕਿਸੇ ਸਮੁੱਚੀ ਸ਼੍ਰੇਣੀ ਜਾਂ ਜਾਤੀ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ ਅ. ਵਸਤੂ ਵਾਚਕ ਨਾਂਵ ੲ. ਆਮ ਨਾਂਵ ਸ. ਭਾਵ-ਵਾਚਕ ਨਾਂਵ

24. ਜਿਸ ਸ਼ਬਦ ਤੋਂ ਕਿਸੇ ਇਕੱਠ ਜਾਂ ਸਮੂਹ ਦਾ ਗਿਆਨ ਹੋਵੇ, ਉਸਨੂੰ........ਕਿਹਾ ਜਾਂਦਾ ਹੈ।

ੳ. ਖ਼ਾਸ ਨਾਂਵ ਅ. ਵਸਤੂ ਵਾਚਕ ਨਾਂਵ ੲ. ਆਮ ਨਾਂਵ ਸ. ਇਕੱਠ-ਵਾਚਕ ਨਾਂਵ

25. ਪੁਰਖ ਵਾਚਕ ਪੜਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

ੳ. ਛੇ ਅ. ਪੰਜ ੲ. ਚਾਰ ਸ. ਤਿੰਨ

26. 'ਅਹੁ' ਸ਼ਬਦ ਕਿਹੜੇ ਪੜਨਾਂਵ ਦੀ ਉਦਾਹਰਨ ਹੈ?

ੳ. ਨਿੱਜ-ਵਾਚਕ ਪੜਨਾਂਵ ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ ਸ. ਸੰਬੰਧ-ਵਾਚਕ ਪੜਨਾਂਵ

27. 'ਆਪ ਜੀ ਕਦੋਂ ਆਓਗੇ?' ਵਾਕ ਵਿੱਚ 'ਆਪ' ਸ਼ਬਦ ਕਿਹੜਾ ਪੜਨਾਂਵ ਹੈ?

ੳ. ਨਿੱਜ-ਵਾਚਕ ਪੜਨਾਂਵ ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ ਸ. ਸੰਬੰਧ-ਵਾਚਕ ਪੜਨਾਂਵ

28. 'ਮੈਂ ਆਪ ਰੋਟੀ ਪਕਾ ਲਵਾਂਗੀ' ਵਾਕ ਵਿੱਚ 'ਆਪ' ਸ਼ਬਦ ਕਿਹੜਾ ਪੜਨਾਂਵ ਹੈ?

ੳ. ਨਿੱਜ-ਵਾਚਕ ਪੜਨਾਂਵ ਅ. ਪੁਰਖ-ਵਾਚਕ ਪੜਨਾਂਵ

ੲ. ਨਿਸਚੇਵਾਚਕ ਪੜਨਾਂਵ ਸ. ਸੰਬੰਧ-ਵਾਚਕ ਪੜਨਾਂਵ

29. ਹੇਠ ਲਿਖਿਆਂ ਵਿੱਚੋਂ ਅਨਿਸਚੇਵਾਚਕ ਪੜਨਾਂਵ ਦੀ ਉਦਾਹਰਨ ਦੱਸੋ।

ੳ. ਅਸੀਂ ਅ. ਕਿਹੜਾ ੲ. ਕੋਈ ਸ. ਅਹੁ

30. ਪੰਜਾਬੀ ਭਾਸ਼ਾ ਦੀ ਵਾਕ ਵਿਉਂਤ ਕੀ ਹੈ?

ੳ. ਕਰਤਾ+ਕਿਰਿਆ+ਕਰਮ ਅ. ਕਰਮ+ਕਿਰਿਆ+ਕਰਤਾ

ੲ. ਕਰਤਾ+ਕਰਮ+ਕਿਰਿਆ ਸ. ਕਰਮ+ਕਰਤਾ+ਕਿਰਿਆ

31. ਚਪੜਾਸੀ ਨੇ ਘੰਟੀ ਵਜਾਈ। ਵਾਕ ਵਿੱਚ 'ਵਜਾਈ' ਸ਼ਬਦ ਕੀ ਹੈ?

ੳ. ਕਰਤਾ ਅ. ਕਰਮ ੲ. ਨਾਂਵ ਸ. ਕਿਰਿਆ

32. ਵਿਦਿਆਰਥੀ ਪਾਠ ਪੜ੍ਹ ਰਹੇ ਹਨ। ਵਾਕ ਵਿੱਚ ਕਿਸ ਪ੍ਰਕਾਰ ਦੀ ਕਿਰਿਆ ਹੈ?

ੳ. ਪ੍ਰੇਰਨਾਰਥਕ ਕਿਰਿਆ ਅ. ਸਧਾਰਨ ਕਿਰਿਆ

ੲ. ਦੂਹਰੀ ਪ੍ਰੇਰਨਾਰਥਕ ਕਿਰਿਆ ਸ. ਇਹਨਾਂ ਵਿੱਚੋਂ ਕੋਈ ਨਹੀਂ

33. ਜਿਸ ਸ਼ਬਦ ਤੋਂ ਕਿਸੇ ਕੰਮ ਦਾ ਹੋਣਾ ਜਾਂ ਕਰਨਾ ਕਾਲ ਸਮੇਤ ਪ੍ਰਗਟ ਹੋਵੇ ਉਸਨੂੰ........ਕਿਹਾ ਜਾਂਦਾ ਹੈ।

ੳ. ਕਰਮ ਅ. ਨਾਂਵ ੲ. ਕਰਤਾ ਸ. ਕਿਰਿਆ

34. 'ਛੁੱਟੀਆਂ ਵਿੱਚ ਮੈਂ ਖ਼ੂਬ ਖੇਡਦਾ ਸਾਂ' ਇਸ ਵਾਕ ਵਿੱਚ ਸਹਾਇਕ ਕਿਰਿਆ ਕਿਹੜੀ ਹੈ?

ੳ. ਮੈਂ ਅ. ਸਾਂ ੲ. ਖੇਡਦਾ ਸ. ਖ਼ੂਬ

35. ਹੇਠ ਲਿਖਿਆਂ ਵਿੱਚੋਂ ਅਕਰਮਕ ਕਿਰਿਆ ਦੀ ਉਦਾਹਰਨ ਕਿਹੜੀ ਹੈ?

ੳ. ਚਪੜਾਸੀ ਨੇ ਘੰਟੀ ਵਜਾਈ ਅ. ਛੁੱਟੀਆਂ ਵਿੱਚ ਮੈਂ ਫੁੱਟਬਾਲ ਖੇਡਦਾ ਸਾਂ।

ੲ. ਮੀਂਹ ਪੈ ਰਿਹਾ ਹੈ। ਸ. ਅਧਿਆਪਕ ਪਾਠ ਪੜ੍ਹਾ ਰਿਹਾ ਹੈ।

36. ਮੈਥੋਂ ਸਾਈਕਲ ਡਿੱਗ ਪਿਆ। ਇਸ ਵਾਕ ਵਿੱਚ ਕਿਰਿਆ ਦਾ ਵਾਚ ਕਿਹੜਾ ਹੈ?

ੳ. ਕਰਤਰੀ ਵਾਚ ਅ.ਭਾਵ ਵਾਚ

ੲ. ਕਰਮਨੀ ਵਾਚ ਸ. ਕੋਈ ਨਹੀਂ

37. ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਵਾਕ ਵਿੱਚ ਪ੍ਰਧਾਨ ਕੌਣ ਹੈ-ਕਰਤਾ, ਕਰਮ ਜਾਂ ਭਾਵ-ਉਸਨੂੰ .........ਕਿਹਾ ਜਾਂਦਾ ਹੈ।

ੳ. ਕਰਮ ਅ.ਵਾਚ ੲ. ਵਾਕ ਸ. ਕਾਰਕ

38. ਹੇਠ ਲਿਖਿਆਂ ਵਿੱਚੋਂ ਭਾਵ ਵਾਚ ਦੀ ਉਦਾਹਰਨ ਕਿਹੜੀ ਹੈ?

ੳ. ਭੁੱਖੇ ਢਿੱਡ ਨਾ ਹੱਸਿਆ ਜਾਂਦਾ ਨਾ ਰੋਇਆ ਜਾਂਦਾ। ਅ. ਰੋਟੀ ਪੱਕ ਗਈ

ੲ. ਬੱਚੇ ਖੇਡ ਰਹੇ ਹਨ ਸ. ਕੋਈ ਨਹੀਂ

39. ਪੰਜਾਬੀ ਅਧਿਆਪਕ ਪੜ੍ਹਾ ਰਿਹਾ ਹੈ। ਇਸ ਵਾਕ ਵਿੱਚ 'ਪੰਜਾਬੀ' ਸ਼ਬਦ ਕਿਸ ਸ਼ਬਦ ਰੂਪ ਵਜੋਂ ਵਿਚਰ ਰਿਹਾ ਹੈ?

ੳ. ਕਿਰਿਆ ਵਿਸ਼ੇਸ਼ਣ ਅ. ਕਿਰਿਆ ੲ. ਵਿਸ਼ੇਸ਼ਣ ਸ. ਨਾਂਵ

40. ਅਧਿਆਪਕ ਹੌਲ਼ੀ-ਹੌਲ਼ੀ ਪੜ੍ਹਾ ਰਿਹਾ ਹੈ। ਇਸ ਵਾਕ ਵਿੱਚ 'ਹੌਲ਼ੀ-ਹੌਲ਼ੀ' ਸ਼ਬਦ ਕਿਸ ਸ਼ਬਦ ਰੂਪ ਵਿੱਚ ਵਿਚਰ ਰਿਹਾ ਹੈ?

ੳ. ਨਾਂਵ ਅ. ਕਿਰਿਆ ਵਿਸ਼ੇਸ਼ਣ ੲ. ਕਿਰਿਆ ਸ. ਵਿਸ਼ੇਸ਼ਣ

21–ੲ 22–ਸ 23–ੲ 24–ਸ 25–ਸ 26=ੲ 27–ਅ 28–ੳ 29–ੲ 30–ੲ 31–ਸ 32–ਅ
33–ਸ 34–ਅ 35–ੲ 36–ੲ 37–ਅ 38–ੳ 39–ੲ 40–ਅ

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377